Punjab Government Gazette

Published by Authority

No. 31] CHANDIGARH, FRIDAY, JULY 31, 2026 (SRAVANA 9, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਦਫਤਰ: ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ)-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਅੰਮ੍ਰਿਤਸਰ।

ਹੁਕਮ

ਮਿਤੀ 8 ਜੁਲਾਈ, 2026

ਨੰ: 71.-

1. ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਕੇਂਦਰੀ ਜੇਲ੍ਹ ਅੰਮ੍ਰਿਤਸਰ ਦੀ ਡਿਊਟੀ ਮਿਤੀ 30.06.2026 ਨੂੰ ਤਮਾਮ ਦਿਨ ਬੰਦੀਆਂ ਦੀ ਵੀ.ਸੀ. ਪੇਸ਼ੀ ਕਰਵਾਉਣ ਤੇ ਲੱਗੀ ਹੋਈ ਸੀ। ਵਾਰਡਰ ਰੋਬਿਨਪ੍ਰੀਤ ਸਿੰਘ ਨੰਬਰ 4775 ਮਿਤੀ 30.06.2026 ਸਵੇਰੇ ਸਮਾਂ ਕਰੀਬ 10:00 ਵਜੇ ਡਿਊਡੀ ਗੇਟ ਨੰਬਰ 02 ਤੋਂ ਜੇਲ੍ਹ ਦੇ ਅੰਦਰ ਜਾਣ ਲੱਗਾ ਤਾਂ ਡਿਊਡੀ ਤਲਾਸ਼ੀ ਤੇ ਤਾਇਨਾਤ ਸੀ.ਆਰ.ਪੀ.ਐਫ ਦੀ ਟੀਮ ਅਤੇ ਵਾਰਡਰ ਨਵਦੀਪ ਸਿੰਘ ਨੰਬਰ 2934 ਵੱਲੋਂ ਵਾਰਡਰ ਰੋਬਿਨਪ੍ਰੀਤ ਸਿੰਘ ਦੀ ਰੂਟੀਨ ਦੀ ਤਰ੍ਹਾਂ ਜਿਸਮਾਨੀ ਤਲਾਸ਼ੀ ਕੀਤੀ ਗਈ। ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਵੱਲੋਂ ਨੀਲੇ ਰੰਗ ਦੀ 10 ਇੰਚ ਚੌੜਾਈ ਵਾਲੀ ਬੈਲਟ ਲੱਕ ਨਾਲ ਲਗਾਈ ਹੋਈ ਸੀ। ਤਲਾਸ਼ੀ ਕਰ ਰਹੇ ਕਰਮਚਾਰੀ ਨੇ ਜਦੋਂ ਇਸ ਬੈਲਟ ਨੂੰ ਖੋਲ ਕੇ ਦੇਖਿਆ ਤਾਂ ਬੈਲਟ ਵਿਚੋਂ 14 ਪੈਕਟ ਖਾਖੀ ਰੰਗ ਦੀ ਟੇਪ ਵਿਚ ਲਪੇਟੇ ਬਰਾਮਦ ਹੋਏ। ਇਸ ਕਰਮਚਾਰੀ ਦੀ ਪਹਿਨੀ ਹੋਈ ਖਾਖੀ ਰੰਗ ਦੀ ਪੈਂਟ ਦੀ ਸੱਜੀ ਜੇਬ ਵਿੱਚੋਂ 01 ਟੱਚ ਸਕਰੀਨ ਮੋਬਾਇਲ ਮਾਰਕਾ ਐਪਲ ਰੰਗ ਚਿੱਟਾ ਸਮੇਤ ਜੀਓ ਸਿੰਮ ਬਰਾਮਦ ਹੋਇਆ। ਇਸ ਉਪਰੰਤ ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਨੂੰ ਸ਼੍ਰੀ ਨਵਇੰਦਰ ਸਿੰਘ ਵਧੀਕ ਸੁਪਰਡੈਂਟ ਦੇ ਪੇਸ਼ ਕੀਤਾ ਗਿਆ ਅਤੇ ਉਹਨਾਂ ਦੀ ਮੌਜੂਦਗੀ ਵਿਚ ਬਰਾਮਦ ਹੋਏ 14 ਪੈਕਟਾਂ ਨੂੰ ਖੋਲਿਆ ਗਿਆ ਤਾਂ ਉਹਨਾਂ ਵਿੱਚੋਂ ਨਿਮਨਲਿਖਤ ਅਨੁਸਾਰ ਵਰਜਿਤ ਵਸਤੂਆਂ ਬਰਾਮਦ ਹੋਈਆ:-

1) 02 ਪੈਕਟ ਅਫੀਮ ਮੋਮੀ ਲਿਫਾਫੇ ਵਿਚ ਲਪੇਟੀ ਹੋਈ-79.40 ਗ੍ਰਾਮ।
2) 04 ਪੈਕਟ ਕਾਲੇ ਰੰਗ ਦਾ ਨਸ਼ੀਲ ਪਦਾਰਥ ਸਮੇਤ ਮੋਮੀ ਲਿਫਾਫਾ-41.18 ਗ੍ਰਾਮ।
3) ਚਿੱਟੇ ਰੰਗ ਦਾ ਨਸ਼ੀਲਾ ਪਾਊਡਰ-93.32 ਗ੍ਰਾਮ।
4) 14 ਪੀਸ ਕੂਲ ਲਿਪ (ਤੰਬਾਕੂ)।
5) ਖੁੱਲੇ ਹੋਏ 205 ਨੱਗ ਨਸ਼ਾ ਸਨਿਫਿੰਗ ਪੇਪਰ।
6) ਤੰਬਾਕੂ-215 ਗ੍ਰਾਮ।

2. ਇਸ ਸਬੰਧੀ ਵਾਰਡਰ ਰੋਬਿਨਪ੍ਰੀਤ ਸਿੰਘ 4775 ਪਾਸੋਂ ਪੁੱਛ ਗਿੱਛ ਕੀਤੀ ਗਈ ਤਾਂ ਇਸ ਨੇ ਦੱਸਿਆ ਕਿ ਇਹ ਸਾਰਾ ਸਮਾਨ ਵਰਜਿਤ ਵਸਤੂਆਂ ਉਸ ਵੱਲੋਂ ਜੇਲ੍ਹ ਅੰਦਰ ਬੰਦ ਹਵਾਲਾਤੀ ਰਾਹੁਲ ਕੁਮਾਰ ਪੁੱਤਰ ਸਰਬਜੀਤ ਸਿੰਘ ਵਾਸੀ ਨਰਾਇਣਗੜ੍ਹ ਥਾਣਾ ਛੇ ਹਰਟਾ ਜਿਸਦੀ ਗਿਣਤੀ ਸੀ.ਜੇ.-1 ਵਿਚ ਬੈਰਕ 4/5 ਵਿਚ ਹੈ, ਨੂੰ ਦੇਣੀਆਂ ਸਨ। ਇਸ ਤਰ੍ਹਾਂ ਜੇਲ੍ਹ ਅੰਦਰ ਵਰਜਿਤ ਵਸਤੂਆਂ ਲੈ ਕੇ ਜਾਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਵਾਰਡਰ ਰੋਬਿਨਪ੍ਰੀਤ ਸਿੰਘ ਨੂੰ ਮਿਤੀ

30.06.2026 ਨੂੰ ਸਵੇਰ ਤੋਂ ਡਿਊਟੀ ਤੋਂ ਮੁਅੱਤਲ ਕੀਤਾ ਗਿਆ। ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਪਾਸੋਂ ਉਕਤ ਵਰਜਿਤ ਵਸਤੂਆਂ ਬਰਾਮਦ ਹੋਣ ਤੇ ਕਾਨੂੰਨੀ ਕਾਰਵਾਈ ਕਰਨ ਲਈ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੇ ਪੱਤਰ ਨੰਬਰ 20666 ਮਿਤੀ 30.06.2026 ਰਾਹੀਂ ਮੁੱਖ ਅਫਸਰ ਥਾਣਾ ਇਸਲਾਮਾਬਾਦ ਅੰਮ੍ਰਿਤਸਰ ਨੂੰ ਲਿਖਿਆ ਗਿਆ ਸੀ, ਜਿਸ ਦੇ ਆਧਾਰ ਤੇ ਵਾਰਡਰ ਰੋਬਿਨਪ੍ਰੀਤ ਸਿੰਘ ਵਿਰੁੱਧ ਮੁਕੱਦਮਾ ਨੰਬਰ 0195 ਮਿਤੀ 30.06.2026 ਜੇਰੇ ਧਾਰਾ 18,22 ਐਨ.ਡੀ.ਪੀ.ਐਸ. ਐਕਟ 1985, 42, 52-ਏ, ਪ੍ਰੀਜਨ ਐਕਟ 1894 ਥਾਣਾ ਇਸਲਾਮਾਬਾਦ ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ। ਇਸ ਮੁਕੱਦਮੇ ਅਧੀਨ ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਮਿਤੀ 05.07.2026 ਤੋਂ ਕੇਂਦਰੀ ਜੇਲ੍ਹ ਪਟਿਆਲਾ ਵਿਖੇ ਜੁਡੀਸ਼ੀਅਲ ਹਿਰਾਸਤ ਵਿਚ ਬੰਦ ਹੈ।

3. ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਇਸ ਮਾਮਲੇ ਦੀ ਮੁੱਢਲੀ ਪੜਤਾਲ ਸ਼੍ਰੀ ਕਮਲਜੀਤ ਸਿੰਘ ਡਿਪਟੀ ਸੁਪਰਡੈਂਟ (ਸਕਿਉਰਟੀ) ਕੇਂਦਰੀ ਜੇਲ੍ਹ ਅੰਮ੍ਰਿਤਸਰ ਪਾਸੋ ਕਰਵਾਈ। ਮੁੱਢਲੀ ਪੜਤਾਲ ਵਿੱਚ ਇਹ ਸਾਹਮਣੇ ਆਇਆ ਕਿ ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਵਰਜਿਤ ਵਸਤੂਆਂ ਲੁਕਾ ਕੇ ਜੇਲ੍ਹ ਅੰਦਰ ਬੰਦ ਹਵਾਲਾਤੀ ਰਾਹੁਲ ਕੁਮਾਰ ਪੁੱਤਰ ਸਰਬਜੀਤ ਸਿੰਘ ਨੂੰ ਪਹੁੰਚਾਉਣ ਲਈ ਲੈ ਕੇ ਜਾ ਰਿਹਾ ਸੀ ਅਤੇ ਇਸ ਕਰਮਚਾਰੀ ਦੇ ਇਸ ਅਪਰਾਧ ਨੇ ਜੇਲ੍ਹ ਵਿਭਾਗ ਦੀ ਸਾਖ ਅਤੇ ਅਕਸ ਨੂੰ ਠੇਸ ਪਹੁੰਚਾਈ ਹੈ। ਗੁਪਤ ਸੂਤਰਾਂ ਦੇ ਹਵਾਲੇ ਤੋਂ ਪ੍ਰਾਪਤ ਇੰਨਪੁੱਟ ਅਨੁਸਾਰ ਵਾਰਡਰ ਰੋਬਿਨਪ੍ਰੀਤ ਸਿੰਘ ਵੱਲੋਂ ਜੇਲ੍ਹ ਅੰਦਰ ਵਰਜਿਤ ਵਸਤੂਆਂ ਲਿਆਉਣ ਦੀ ਕੋਸ਼ਿਸ਼ ਕੋਈ ਪਹਿਲੀ ਘਟਨਾਂ ਨਹੀਂ ਜਾਪਦੀ। ਪ੍ਰਾਪਤ ਸੂਚਨਾਵਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਇਹ ਕਰਮਚਾਰੀ ਕਾਫੀ ਸਮੇਂ ਤੋਂ ਇਸ ਤਰ੍ਹਾਂ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਰਹਿੰਦਾ ਆ ਰਿਹਾ ਸੀ ਅਤੇ ਪਿਛਲੇ ਸਮੇਂ ਦੌਰਾਨ ਆਪਣੇ ਮਨਸੂਬਿਆਂ ਵਿਚ ਕਾਮਯਾਬ ਵੀ ਹੁੰਦਾ ਆ ਰਿਹਾ ਹੈ। ਮੌਜੂਦਾ ਘਟਨਾਂ ਵਿਚ ਉਹ ਆਪਣੀ ਇਸ ਕੋਸ਼ਿਸ਼ ਵਿਚ ਕਾਮਯਾਬ ਨਹੀਂ ਹੋ ਸਕਿਆ ਅਤੇ ਇਹ ਕਰਮਚਾਰੀ ਵਰਜਿਤ ਵਸਤੂਆਂ ਸਮੇਤ ਮੌਕੇ ਤੇ ਹੀ ਕਾਬੂ ਕਰ ਲਿਆ ਗਿਆ। ਵਾਰਡਰ ਰੋਬਿਨਪ੍ਰੀਤ ਸਿੰਘ ਨੇ ਮੁੱਢਲੀ ਪੜਤਾਲ ਦੌਰਾਨ ਆਪਣਾ ਦੋਸ਼ ਸਪੱਸ਼ਟ ਤੌਰ ਤੇ ਵੀ ਸਵੀਕਾਰ ਕੀਤਾ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਮੁੱਢਲੀ ਪੜਤਾਲ ਦੇ ਆਧਾਰ ਤੇ ਆਪਣੀ ਡਿਟੇਲਡ ਰਿਪੋਰਟ ਪੱਤਰ ਨੰਬਰ 4504 ਮਿਤੀ 04.07.2026 ਰਾਹੀਂ ਇਸ ਦਫਤਰ ਨੂੰ ਭੇਜੀ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਭੇਜੀ ਰਿਪੋਰਟ ਅਨੁਸਾਰ ਵਾਰਡਰ ਰੋਬਿਨਪ੍ਰੀਤ ਸਿੰਘ ਵੱਲੋਂ ਜੇਲ੍ਹ ਅੰਦਰ ਵਰਜਿਤ ਵਸਤੂਆਂ ਦੀ ਸਪਲਾਈ ਕਰਨਾਂ,ਜੇਲ੍ਹ ਅੰਦਰ ਬੰਦੀਆਂ ਨਾਲ ਸਬੰਧ ਰੱਖਣਾ ਅਤੇ ਗਲਤ ਗਤੀਵਿਧੀਆਂ ਕਰਕੇ ਜੇਲ੍ਹ ਵਿਭਾਗ ਦੇ ਅਕਸ ਨੂੰ ਖਰਾਬ ਕੀਤਾ ਹੈ। ਅਜਿਹੇ ਕਰਮਚਾਰੀ ਨੂੰ ਵਿਭਾਗ ਵਿਚ ਰੱਖਣਾ ਸਰਕਾਰ ਦੇ ਹਿਤ ਵਿਚ ਨਹੀਂ ਹੋਵੇਗਾ। ਇਸ ਲਈ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਵਾਰਡਰ ਰੋਬਿਨਪ੍ਰੀਤ ਸਿੰਘ ਨੰਬਰ 4775 ਨੂੰ ਸਵਿਧਾਨ ਦੀ ਧਾਰਾ 311 (2) ਤਹਿਤ ਡਿਸਮਿਸ ਕਰਨ ਦੀ ਸਿਫਾਰਸ਼ ਕੀਤੀ ਹੈ।

4. ਨਿਮਨਹਸਤਾਖਰੀ ਵੱਲੋਂ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਪਾਸੋਂ ਪ੍ਰਾਪਤ ਹੋਈ ਡਿਟੇਲਡ ਰਿਪੋਰਟ ਸਮੇਤ ਰਿਕਾਰਡ ਨੂੰ ਗਹੁ ਨਾਲ ਵਾਚਿਆ ਗਿਆ, ਜਿਸ ਤੋਂ ਸਾਹਮਣੇ ਆਇਆ ਹੈ ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਮਿਤੀ 21.12.2018 ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਬਤੌਰ ਵਾਰਡਰ ਭਰਤੀ ਹੋਇਆ ਸੀ। ਇਸ ਕਰਮਚਾਰੀ ਨੇ ਬੇਸਿਕ ਟ੍ਰੇਨਿੰਗ ਵੀ ਸਫਲਤਾ ਪੂਰਵਕ ਮੁਕੰਮਲ ਕੀਤੀ ਹੈ। ਇਹ ਕਰਮਚਾਰੀ ਕਾਨੂੰਨ ਅਤੇ ਜੇਲ੍ਹ ਨਿਯਮਾਂ ਤੋਂ ਭਲੀਭਾਂਤ ਜਾਣੂ ਹੈ। ਜੇਕਰ ਇਸ ਕਰਮਚਾਰੀ ਦੇ ਪਿਛਲੇ ਸਰਵਿਸ ਰਿਕਾਰਡ ਨੂੰ ਵਾਚਿਆ ਜਾਵੇ ਤਾਂ ਇਸ ਕਰਮਚਾਰੀ ਦੀ ਡਿਊਟੀ ਦੌਰਾਨ ਮਿਤੀ 07.10.2021 ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਤੋਂ ਬੰਦੀ ਤਰਸੇਮ ਸਿੰਘ ਪੁੱਤਰ ਜਗਮੋਹਣ ਸਿੰਘ ਦੀ ਫਰਾਰੀ ਦੇ ਕੇਸ ਵਿਚ ਡਿਊਟੀ ਪ੍ਰਤੀ ਅਣਗਹਿਲੀ ਕਰਨ ਦੇ ਦੋਸ਼ ਵਿਚ ਤਿੰਨ ਸਲਾਨਾ ਤਰੱਕੀਆਂ ਭਵਿੱਖੀ ਅਸਰ ਸਹਿਤ ਬੰਦ ਕਰਨ ਦੀ ਸਜਾ ਦਿਤੀ ਗਈ ਹੈ। ਹੁਣ ਇਸ ਕਰਮਚਾਰੀ ਵੱਲੋਂ ਜੇਲ੍ਹ ਅੰਦਰ ਬੰਦੀਆਂ ਨਾਲ ਸਬੰਧ ਰੱਖ ਕੇ ਉਨਾਂ ਨੂੰ ਨਸ਼ੇ ਦੀ ਸਪਲਾਈ ਕਰਨ ਵਾਲੀਆ ਗੈਰ ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਹੋ ਕੇ ਜੇਲ੍ਹ ਨਿਯਮਾਂ ਹਦਾਇਤਾਂ ਅਤੇ ਰੂਲਾਂ ਦੀ ਘੋਰ ਉਲੰਘਣਾ ਕੀਤੀ ਹੈ। ਜਦਕਿ ਜੇਲ੍ਹ ਅੰਦਰ ਵਰਜਿਤ ਵਸਤੂਆਂ ਦੀ ਰੋਕਥਾਮ ਕਰਨਾ ਜੇਲ੍ਹ ਵਾਰਡਰ ਦੀ ਅਹਿਮ ਡਿਊਟੀ ਹੈ। ਕਰਮਚਾਰੀ ਵੱਲੋਂ ਅਜਿਹਾ ਕਰਨ ਨਾਲ ਜੇਲ੍ਹ ਮਹਿਕਮੇ ਦਾ ਅਕਸ ਖਰਾਬ ਹੋਇਆ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੀ ਰਿਪੋਰਟ ਅਨੁਸਾਰ ਇਸ ਗੱਲ ਤੋਂ ਵੀ ਇੰਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਰਮਚਾਰੀ ਜੇਲ੍ਹ ਅੰਦਰ ਪਹਿਲਾਂ ਵੀ ਵਰਜਿਤ ਵਸਤੂਆਂ ਸਪਲਾਈ ਕਰਨ ਵਰਗੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਵੇਗਾ। ਅਜਿਹੇ ਘੋਰ ਦੁਰਾਚਾਰੀ ਕਰਮਚਾਰੀ ਨੂੰ ਸਰਕਾਰੀ ਨੌਕਰੀ ਵਿਚ ਰੱਖਣਾ ਸਰਕਾਰ ਅਤੇ ਲੋਕ ਹਿੱਤ ਵਿਚ ਨਹੀਂ ਹੈ।

5. ਮੈਂ ਸੁਖਮਿੰਦਰ ਸਿੰਘ ਮਾਨ (ਆਈ.ਪੀ.ਐਸ), ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ)-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਅੰਮ੍ਰਿਤਸਰ, ਪੰਜਾਬ ਜੇਲ੍ਹ ਡਿਪਾਰਟਮੈਂਟ ਸਟੇਟ ਸਰਵਿਸ (ਕਲਾਸ-111) ਐਗਜੈਕਟਿਵ ਰੂਲਜ, 1963 ਦੇ

ਅਪੈਡਿਕਸ ਬੀ 4 (ਬੀ) ਤਹਿਤ ਵਾਰਡਰ ਦੀ ਬਰਖਾਸਤਗੀ ਦਾ (ਸਮਰੱਥ ਅਧਿਕਾਰੀ) ਅਧਿਕਾਰ ਰੱਖਦਾ ਹਾਂ। ਇਸ ਲਈ ਉਪਰੋਕਤ ਮਾਮਲੇ ਦੀ ਸਫਾ ਮਿਸਲ ਤੇ ਆਏ ਤੱਥਾਂ ਦੇ ਆਧਾਰ ਤੇ ਨਿਮਨਹਸਤਾਖਰੀ ਵੱਲੋਂ ਇਸ ਮਾਮਲੇ ਵਿਚ ਹੋਰ ਡਿਟੇਲਡ ਵਿਭਾਗੀ ਇੰਨਕੁਆਰੀ ਦੀ ਜਰੂਰਤ ਨਾ ਸਮਝਦੇ ਹੋਏ ਵਾਰਡਰ ਰੋਬਿਨਪ੍ਰੀਤ ਸਿੰਘ ਨੰਬਰ 4775 ਨੂੰ ਪੰਜਾਬ ਪ੍ਰੀਜਨ ਰੂਲਜ 2022 ਦੇ ਉਪਬੰਧਾਂ ਦੇ ਉਲਟ ਬੰਦੀਆਂ ਨਾਲ ਸੰਪਰਕ ਰੱਖਣ, ਮਿਤੀ 30.06.2026 ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਡਿਊਟੀ ਤੇ ਜਾਣ ਸਮੇਂ ਡਿਊੜੀ ਵਿਚ ਕਰਮਚਾਰੀ ਦੀ ਜਿਸਮਾਨੀ ਤਲਾਸ਼ੀ ਦੌਰਾਨ ਉਸ ਪਾਸੋਂ ਨਸ਼ੀਲੀਆਂ ਅਤੇ ਵਰਜਿਤ ਵਸਤੂਆਂ ਬਰਾਮਦ ਹੋਣ ਤੇ ਮੁਕੱਦਮਾ ਨੰਬਰ 0195 ਮਿਤੀ 30.06.2026 ਜੇਰੇ ਧਾਰਾ 18,22 ਐਨ.ਡੀ.ਪੀ.ਐਸ. ਐਕਟ 1985, 42, 52-ਏ, ਪ੍ਰੀਜਨ ਐਕਟ 1894 ਥਾਣਾ ਇਸਲਾਮਾਬਾਦ ਅੰਮ੍ਰਿਤਸਰ ਵਿਖੇ ਦਰਜ ਹੋਣ ਅਤੇ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਵੱਲੋਂ ਕੀਤੀ ਗਈ ਸਿਫਾਰਸ਼ ਨੂੰ ਵਿਚਾਰਦੇ ਹੋਏ ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775 ਕੇਂਦਰੀ ਜੇਲ੍ਹ ਅੰਮ੍ਰਿਤਸਰ ਨੂੰ ਸੰਵਿਧਾਨ ਦੀ ਧਾਰਾ 311(2) ਬੀ ਤਹਿਤ ਤੁਰੰਤ ਤੋਂ ਨੌਕਰੀ ਤੋਂ ਬਰਖਾਸਤ (ਡਿਸਮਿਸ) ਕੀਤਾ ਜਾਂਦਾ ਹੈ। ਇਹ ਬਰਖਾਸਤਗੀ ਅਜਿਹੀ ਹੋਵੇਗੀ ਜਿਸ ਨਾਲ ਇਹ ਕਰਮਚਾਰੀ ਅੱਗੇ ਤੋਂ ਕਿਸੇ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗਾ।

ਡਿਸਮਿਸ ਕੀਤੇ ਕਰਮਚਾਰੀ ਦੇ ਪਰਟੀਕੂਲਰਜ ਹੇਠ ਲਿਖੇ ਅਨੁਸਾਰ ਹਨ:-

1. ਨਾਮ	:	ਵਾਰਡਰ ਰੋਬਿਨਪ੍ਰੀਤ ਸਿੰਘ ਪੇਟੀ ਨੰਬਰ 4775
2.ਪਿਤਾ ਦਾ ਨਾਮ	:	ਸ਼੍ਰੀ ਦਲਬੀਰ ਸਿੰਘ
3.ਘਰੇਲੂ ਪਤਾ	:	ਪਿੰਡ ਜੰਡ, ਡਾਕਖਾਨਾ ਨੰਗਲ ਦਿਆਲ ਸਿੰਘ, ਜਿਲ੍ਹਾ ਅੰਮ੍ਰਿਤਸਰ।
4.ਜਨਮ ਮਿਤੀ	:	04-08-1997
5.ਭਰਤੀ ਦੀ ਮਿਤੀ	:	21-12-2018
6. ਕੈਟਾਗਿਰੀ	:	ਬੀ.ਸੀ.

ਸਹੀ/-
ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ),
-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ, ਅੰਮ੍ਰਿਤਸਰ।

3785/7-2026/Pb. Govt. Press, S.A.S. Nagar